**ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਦੀਆਂ ਵੱਖ-ਵੱਖ ਵਿਭਾਗਾਂ ਵਿਚ ਪ੍ਰੋਫੈਸਰ ਦੀਆਂ ਮੰਨਜ਼ੂਰਸ਼ੁਦਾ ਆਸਾਮੀਆਂ ਵਿੱਚੋਂ ਤਰੱਕੀ ਕੋਟੇ ਦੀਆਂ ਖਾਲੀ ਆਸਾਮੀਆਂ ਤਰੱਕੀ ਰਾਹੀਂ ਭਰਨ ਸਬੰਧੀ ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 14.09.2018 ਨੂੰ ਸਵੇਰੇ 11:00 ਵਜੇ ਵਧੀਕ ਮੁੱਖ ਸਕੱਤਰ, ਮੈਡੀਕਲ ਸਿਖਿਆ ਅਤੇ ਖੋਜ ਜੀ ਦੀ ਪ੍ਰਧਾਨਗੀ ਹੇਠ ਓਹਨਾਂ ਦੇ ਦਫਤਰੀ ਕਮਰਾ ਨੰ: 510, ਪੰਜਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ।**

*******

ਵਿਸ਼ਾ ਅੰਕਿਤ ਮਾਮਲੇ ਸਬੰਧੀ ਮਿਤੀ 14.09.2018 ਨੂੰ ਸਵੇਰੇ 11.00 ਵਜੇ ਹੋਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਵਿੱਚ ਹੇਠ ਲਿਖੇ ਕਮੇਟੀ ਦੇ ਮੈਂਬਰ ਸ਼ਾਮਲ ਹੋਏ :-

1) ਡਾ: ਅਵਨੀਸ਼ ਕੁਮਾਰ, ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ।
2) ਸ੍ਰੀ ਰਾਜ ਬਹਾਦਰ ਸਿੰਘ, ਸੰਯੁਕਤ ਸਕੱਤਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਰਗ ਵਿਭਾਗ (ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਰਗ ਵਿਭਾਗ ਦੇ ਨੁਮਾਇੰਦੇ ਵਜੋਂ)।
3) ਸ੍ਰੀਮਤੀ ਕਿਰਨਜੀਤ ਕੌਰ, ਅਧੀਨ ਸਕੱਤਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਵਿਭਾਗ ਦੇ ਨੁਮਾਇੰਦੇ ਵਜੋਂ)।
4) ਸ੍ਰੀਮਤੀ ਤ੍ਰਿਸ਼ਲਾ ਦੇਵੀ, ਸੁਪਰਡੰਟ, ਡਿਸੇਬਿਲਟੀ ਸੈਲ, (ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਅਪੰਗ ਵਿਅਕਤੀਆਂ ਦੀ ਭਲਾਈ ਸਾਖਾ ਦਾ ਨੁਮਾਇੰਦਾ) ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ ।

2. ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀ ਨੋਟੀਫਿਕੇਸ਼ਨ ਮਿਤੀ 14.03.2016 ਰਾਹੀਂ ਪ੍ਰਵਾਨਤ ਪੰਜਾਬ ਮੈਡੀਕਲ ਐਜੂਕੇਸ਼ਨ (ਗਰੁੱਪ-ਏ) ਸਰਵਿਸ ਰੂਲਜ, 2016 ਵਿੱਚ ਪ੍ਰਵਾਨਤ ਆਸਾਮੀਆਂ ਅਨੁਸਾਰ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਦੀਆਂ 15 ਸਪੈਸਲਿਟੀਆਂ ਵਿੱਚ ਪ੍ਰੋਫੈਸਰਾਂ ਦੀਆਂ ਮੰਨਜੂਰਸ਼ੁਦਾ ਆਸਾਮੀਆਂ ਵਿੱਚੋਂ ਤਰੱਕੀ ਕੋਟੇ ਦੀਆਂ ਖਾਲੀ ਆਸਾਮੀਆਂ ਤਰੱਕੀ ਰਾਹੀਂ ਭਰਨ ਲਈ ਪੰਜਾਬ ਮੈਡੀਕਲ ਐਜੂਕੇਸ਼ਨ (ਗਰੁੱਪ-ਏ) ਸਰਵਿਸ ਰੂਲਜ, 2016 ਅਨੁਸਾਰ ਅਜੰਡਾ ਵਿਚਾਰਿਆ ਗਿਆ।

3. ਪ੍ਰੋਫੈਸਰ ਦੀ ਆਸਾਮੀ ਦਾ ਪੇ-ਸਕੇਲ 37400-67000 + 10000 ਗਰੇਡ ਪੇਅ ਹੈ । ਇਹ ਆਸਾਮੀਆਂ ਗਰੁੱਪ ਏ ਅਸਾਮੀ ਹੋਣ ਕਰਕੇ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੂੰ 4/6/2000-3ਪੀ.ਪੀ1/13720, ਮਿਤੀ 06.09.2001 ਦੇ ਉਪਬੰਧਾਂ ਅਨੁਸਾਰ ਪਦ-ਉਨਤੀ ਲਈ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਨਿਸ਼ਚਿਤ ਹੈ। ਬੈਂਚ ਮਾਰਕ ਸਬੰਧੀ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੰ: 4/59/03-ਪੀ.ਪੀ/25920 ਮਿਤੀ 24.12.2003 ਨੂੰ ਮੱਦੇਨਜ਼ਰ ਰੱਖਿਆ ਗਿਆ ਹੈ। ਮੀਟਿੰਗ ਵਿੱਚ ਰਿਜ਼ਰਵੇਸ਼ਨ ਐਕਟ-2006, Punjab Scheduled Caste and Backward Classes (Reservation in Service) Amendment Act, 2018 ਤੋਂ ਇਲਾਵਾ ਰੋਸਟਰ ਰਜਿਸਟਰ ਵੀ ਵਾਚੇ ਗਏ ਹਨ। ਪਦ-ਉਨਤੀ ਲਈ ਵਿਚਾਰੇ ਜਾ ਰਹੇ ਡਾਕਟਰਾਂ ਦਾ ਤਜਰਬਾ ਡੀ.ਪੀ.ਸੀ ਮੀਟਿੰਗ ਮਿਤੀ 14.09.2018 ਤੱਕ ਹੀ ਗਿਣਿਆ ਗਿਆ। ਇਸ ਮੀਟਿੰਗ ਵਿੱਚ ਸਮਾਜਿਕ ਸੁਰੱਖਿਆ, ਇਸਤਰੀਆਂ ਤੇ ਬਾਲ ਵਿਕਾਸ ਵਿਭਾਗ ਦੇ ਨੁਮਾਇੰਦੇ ਵੱਲੋਂ ਸਬੰਧਤ ਵਿਭਾਗਾਂ ਦੇ ਦਿਵਯਾਗਾਂ ਲਈ ਨਿਯਮਾਂ ਅਨੁਸਾਰ ਬਣਾਏ ਰੋਸਟਰ ਰਜਿਸਟਰ ਵੀ ਵਾਚੇ ਗਏ।

4. ਪ੍ਰੋਫੈਸਰਾਂ ਦੀ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ ਲਈ ਅਜੰਡੇ ਵਿੱਚ ਦਰਜ ਡਾਕਟਰਾਂ ਦਾ ਪਦ-ਉਨਤੀ ਸਬੰਧੀ ਲੋੜੀਂਦਾ ਰਿਕਾਰਡ ਜਿਵੇਂ ਕਿ ਪਿਛਲੇ ਪੰਜ ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ, ਵਿਭਾਗੀ/ਚੌਕਸੀ ਕਾਰਵਾਈ ਦਾ ਸਫਾਈ ਸਰਟੀਫਿਕੇਟ, ਪਰਖਕਾਲ ਸਮਾਂ ਪਾਰ ਕਰਨ ਸਬੰਧੀ ਸਰਟੀਫਿਕੇਟ, ਵਿਦਿਅਕ ਯੋਗਤਾਵਾਂ ਮਾਨਤਾ ਪ੍ਰਾਪਤ ਸੰਸਥਾ ਤੋਂ ਕੀਤੇ ਹੋਣ ਸਬੰਧੀ ਸਰਟੀਫਿਕੇਟ, ਇੰਨਟਗਰਿਟੀ ਸਰਟੀਫਿਕੇਟ ਅਤੇ ਪਬਲੀਕੇਸ਼ਨਾਂ ਨੂੰ ਵਿਭਾਗੀ ਤਰੱਕੀ ਕਮੇਟੀ ਵੱਲੋਂ ਵਾਚਿਆ ਗਿਆ।

5. ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵੱਲੋਂ ਡੀ.ਪੀ.ਸੀ ਮੀਟਿੰਗ ਦੌਰਾਨ ਇਹ ਸਪਸਟ ਕੀਤਾ ਗਿਆ ਕਿ ਪਬਲੀਕੇਸ਼ਨਾਂ ਦੇ ਮੁੱਦੇ ਤੇ ਜਿਹੜੇ ਨੁਕਤਿਆਂ ਭਾਵ Authorship ਸਬੰਧੀ ਪੰਜਾਬ ਮੈਡੀਕਲ ਐਜੂਕੇਸ਼ਨ (ਗਰੁੱਪ-ਏ) ਸਰਵਿਸ ਰੂਲਜ, 2016 ਵਿਚ ਕੋਈ ਉਪਬੰਧ ਨਹੀਂ ਹੈ, ਉੱਥੇ ਮੈਡੀਕਲ ਕੌਸੰਲ ਆਫ ਇੰਡੀਆਂ (ਐਮ.ਸੀ.ਆਈ) ਦੇ ਰੂਲਾਂ/ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਣੀ ਬਣਦੀ ਹੈ, ਕਿਉਂਜੋ ਐਮ.ਸੀ.ਆਈ ਦੀ ਟੀਮ ਜਦੋਂ ਸਰਕਾਰੀ ਮੈਡੀਕਲ

ਕਾਲਜ ਪਟਿਆਲਾ/ਅੰਮ੍ਰਿਤਸਰ ਵਿਖੇ ਇੰਸਪੈਕਸ਼ਨ ਕਰਨ ਆਉਂਦੀ ਹੈ ਤਾਂ ਉਸ ਵੇਲੇ ਇਹਨਾਂ ਸੰਸਥਾਵਾਂ ਵਿੱਚ ਕੰਮ ਕਰਦੀ ਮੈਡੀਕਲ ਫੈਕਲਟੀ ਨੂੰ ਉਹਨਾਂ ਦੀ ਵਿਦਿਅਕ ਯੋਗਤਾਵਾਂ ਅਤੇ ਪਬਲੀਕੇਸ਼ਨਾਂ ਦੇ ਰਿਕਾਰਡ ਤੇ ਯੋਗ/ਅਯੋਗ ਘੋਸ਼ਿਤ ਕਰਦੀ ਹੈ। ਜਿਸਦਾ ਸਿੱਧਾ ਸਬੰਧ ਸਬੰਧਤ ਕਾਲਜ ਦੀ ਮਾਨਤਾ ਅਤੇ ਇਹਨਾਂ ਕਾਲਜਾਂ ਵਿੱਚ ਚੱਲਦੇ ਪੋਸਟ-ਗਰੈਜੂਏਟ ਮੈਡੀਕਲ ਕੋਰਸਾਂ ਦੀ ਸੀਟਾਂ ਘੱਟਣ/ਵੱਧਣ ਨਾਲ ਹੁੰਦਾ ਹੈ। ਇਸ ਵਰਤਾਰੇ ਦਾ ਅਸਰ ਮਰੀਜ਼ਾਂ ਦੇ ਇਲਾਜ, ਦੇਖਭਾਲ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਲੋੜੀਂਦੀ ਫੈਕਲਟੀ ਦੀ ਸਟੈਂਰਥ ਉੱਤੇ ਪੈਂਦਾ ਹੈ। ਜਿਸ ਕਾਰਨ ਸਰਕਾਰ ਦੇ ਮੁੱਖ ਉਦੇਸ਼ ਜਿਸ ਵਿੱਚ ਮੁੱਖ ਤੌਰ ਤੇ ਜਨਤਾ ਨੂੰ ਬਿਹਤਰ ਸਿਹਤ-ਸੇਵਾਵਾਂ ਪ੍ਰਦਾਨ ਕਰਨਾ ਅਤੇ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਸੁਚੱਜਾ ਮਾਹੌਲ ਦੇਣਾ ਸ਼ਾਮਿਲ ਹਨ, ਨੂੰ ਢਾਹ ਲੱਗਦੀ ਹੈ । ਮੈਡੀਕਲ ਕੌਂਸਲ ਆਫ ਇੰਡੀਆ ਦੀਆਂ ਮਿਤੀ 05.06.2017 ਦੀਆਂ ਹਦਾਇਤਾਂ ਅਨੁਸਾਰ ਪਬਲੀਕੇਸ਼ਨਾਂ ਦਾ ਮੁਲਾਂਕਣ ਕਰਦੇ ਸਮੇਂ ਕੇਵਲ 1st and 2nd Author ਪਬਲੀਕੇਸ਼ਨਾਂ ਮੰਨਣ ਯੋਗ ਸਨ। ਪ੍ਰੰਤੂ ਹੁਣ ਐਮ.ਸੀ.ਆਈ ਵੱਲੋਂ ਆਪਣੀ ਨਵੀਂ ਨੋਟੀਫਿਕੇਸਨ 05-06-2017 ਅਨੁਸਾਰ ਪਬਲੀਕੇਸਨਾਂ ਦੀ ਹਦਾਇਤਾਂ ਵਿੱਚ ਸੋਧ ਕਰਦੇ ਹੋਏ ਕੇਵਲ 1st Author ਜਾਂ corresponding Author ਹੀ ਪਬਲੀਕੇਸਨਾਂ ਮੰਨਣਯੋਗ ਦਰਸਾਇਆ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਇਸ ਮਿਤੀ ਤੋਂ ਬਾਅਦ ਸਿਰਫ 1st Author ਜਾਂ corresponding Author ਆਧਾਰ ਹੀ ਮੰਨੀਆਂ ਜਾਣਗੀਆਂ ਅਤੇ ਇਸ ਤੋਂ ਪਹਿਲਾਂ 1st and 2nd author ਪਬਲੀਕੇਸਨਾਂ ਨੂੰ ਹੀ ਯੋਗ ਜਾਵੇਗਾ। ਮੈਡੀਕਲ ਕੌਂਸਲ ਆਫ ਇੰਡੀਆ ਦੀਆਂ ਇਹਨਾਂ ਹਦਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਡਾਕਟਰਾਂ ਦੀ ਯੋਗ ਪਬਲੀਕੇਸਨਾਂ ਨੂੰ ਵਿਚਾਰਦੇ ਹੋਏ ਪਦ-ਉਨੱਤੀ ਲਈ ਨਿਮਨ ਅਨੁਸਾਰ ਸਿਫਾਰਸ਼ਾਂ ਕੀਤੀਆਂ ਜਾਂਦੀਆਂ ਹਨ:-

*(1)* ***<u>ਪ੍ਰੋਫੈਸਰ ਐਨਸਥੀਸੀਆ ਵਿਭਾਗ:</u>***

ਕੁੱਲ 10 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 8 ਆਸਾਮੀਆਂ ਬਣਦੀਆਂ ਹਨ। ਜਿਨ੍ਹਾਂ ਵਿਚੋਂ 7 ਅਸਾਮੀਆਂ ਭਰੀਆਂ ਅਤੇ 1 ਆਸਾਮੀ ਖਾਲੀ ਹੈ। ਰੋਸਟਰ ਅਨੁਸਾਰ ਖਾਲੀ 1 ਅਸਾਮੀ ਅਣਰਾਖਵੀ ਹੈ। ਕਮੇਟੀ ਵਲੋ ਹੇਠ ਲਿਖੇ ਅਨੁਸਾਰ ਡਾਕਟਰ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| *ਲੜੀ ਨੰ:* | *ਡਾ. ਦਾ ਨਾਮ, ਅਹੁੱਦਾ ਅਤੇ ਮੌਜੂਦਾ ਪੋਸਟਿੰਗ ਦਾ ਵੇਰਵਾ* | *ਕਮੇਟੀ ਦੀ ਸਿਫਾਰਸਾਂ* |
|---|---|---|
| *1* | ਡਾ ਤ੍ਰਿਪਤ ਕੌਰ, ਐਸੋਸੀਏਟ ਪ੍ਰੋਫੈਸਰ, ਐਨਸਥੀਸੀਆ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ । | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

*(2)* ***<u>ਪ੍ਰੋਫੈਸਰ ਮੈਡੀਸਨ ਵਿਭਾਗ:</u>***

ਕੁੱਲ 12 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 9 ਆਸਾਮੀਆਂ ਬਣਦੀਆਂ ਹਨ। ਇਹਨਾਂ 9 ਅਸਾਮੀਆਂ ਵਿਚੋਂ 7 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 2 ਆਸਾਮੀਆਂ ਖਾਲੀ ਹਨ। ਰੋਸਟਰ ਅਨੁਸਾਰ ਖਾਲੀ ਇਕ ਆਸਾਮੀ ਅਣ-ਰਾਖਵੀਂ ਅਤੇ ਇਕ ਅਸਾਮੀ ਨੂੰ ਅ.ਜ ਰਾਖਵੇਂ ਵਰਗ ਵਿਚੋਂ ਭਰੀ ਜਾਣੀ ਹੈ। ਕਮੇਟੀ ਵਲੋ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| *ਲੜੀ ਨੰ:* | *ਡਾ. ਦਾ ਨਾਮ, ਅਹੁੱਦਾ ਅਤੇ ਮੌਜੂਦਾ ਪੋਸਟਿੰਗ ਦਾ ਵੇਰਵਾ* | *ਕਮੇਟੀ ਦੀ ਸਿਫਾਰਸਾਂ* |
|---|---|---|
| *1* | ਡਾ. ਲਵਲੀਨ ਭਾਟੀਆ, ਐਸੋਸੀਏਟ ਪ੍ਰੋਫੈਸਰ, ਮੈਡੀਸਨ ਵਿਭਾਗ, ਸਰਕਾਰੀ ਮੈਡੀਕਲ | ਪੰਜਾਬ ਮੈਡੀਕਲ ਐਜੂਕੇਸਨ (ਗਰੁੱਪ-ਏ) ਸਰਵਿਸ ਰੂਲਜ,2016 ਦੇ Note "2" ਵਿੱਚ ਨਿਮਨ ਅਨੁਸਾਰ ਉਪਬੰਧ ਕੀਤਾ ਗਿਆ ਹੈ:- |

| | | |
|---|---|---|
| | ਕਾਲਜ, ਪਟਿਆਲਾ । | No personal shall be appointed to the Service by direct appointment or by promotion unless he has three years teaching experience in the concerned specialty as Senior Resident/Lecturer/Tutor/Registrar/Demonstrator after completion of three years of Post Graduation in that specialty.<br><br>ਡਾ. ਲਵਲੀਨ ਭਾਟੀਆ ਨੇ ਸਬੰਧਤ ਵਿਸ਼ੇ ਵਿੱਚ ਸੀਨੀਅਰ ਰੈਜੀਡੈਂਸੀ ਨਹੀਂ ਕੀਤੀ ਹੋਈ ਹੈ। ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਦੇ ਪੱਤਰ ਨੰ:1ਐਮ.ਈ.1-ਪੰ-2018/15279 ਮਿਤੀ 30.08.2018 ਅਨੁਸਾਰ ਇਸ ਡਾਕਟਰ ਦਾ ਟੀਚਿੰਗ ਤਜਰਬਾ ਮਿਤੀ 01.10.2006 ਤੋਂ 11.03.2007 (5 ਮਹੀਨੇ 11 ਦਿਨ) ਬਤੌਰ ਸੀਨੀਅਰ ਰੈਜੀਡੈਂਟ, ਮਿਤੀ 13.03.2007 ਤੋਂ 08.07.2009 (2ਸਾਲ 4 ਮਹੀਨੇ) ਬਤੌਰ ਅਸਿਸਟੈਂਟ ਪ੍ਰੋਫੈਸਰ/ਲੈਕਚਰਾਰ ਅਤੇ ਮਿਤੀ 03.04.2010 ਤੋਂ 04.07.2012 (2 ਸਾਲ 3 ਮਹੀਨੇ) ਬਤੌਰ ਅਸਿਸਟੈਂਟ ਪ੍ਰੋਫੈਸਰ ਅਤੇ ਮਿਤੀ 15.01.2013 ਤੋਂ ਹੁਣ ਤੱਕ (5 ਸਾਲ 7 ਮਹੀਨੇ) ਬਤੌਰ ਐਸੋਸੀਏਟ ਪ੍ਰੋਫੈਸਰ ਦਾ ਤਜਰਬਾ ਹੈ। ਉਹਨਾ ਦਾ ਹੁਣ ਤੱਕ ਦਾ ਕੁੱਲ ਤਜਰਬਾ 10 ਸਾਲ 07 ਮਹੀਨੇ ਦਾ ਹੈ। PMES Group A Service Rules, 2016 ਅਨੁਸਾਰ *Higher teaching faculty post in the concerned Specialty in a recognized Post Graduate Medical College* ਦਾ ਤਜਰਬਾ ਵੀ ਬਤੌਰ ਸੀਨੀਅਰ ਰੈਜੀਡੈਂਟ ਗਿਣਿਆ ਜਾ ਸਕਦਾ ਹੈ। ਇਸ ਲਈ ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੋਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਆਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਰਾਖਵੇਂ ਕੋਟੇ ਦੀ ਅਸਾਮੀ ਦਾ ਬੈਕਲਾਗ ਕੈਰੀਫਾਰਵਡ ਕੀਤਾ ਜਾਂਦਾ ਹੈ। |
| 2 | ਡਾ. ਕੇ.ਕੇ. ਓਬਰਾਏ, ਐਸੋਸੀਏਟ ਪ੍ਰੋਫੈਸਰ, ਮੈਡੀਸਨ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਮਿਤੀ 31.08.2018 ਨੂੰ ਸੇਵਾ-ਮੁਕਤ ਹੋ ਚੁੱਕਾ ਹੈ। ਇਸ ਲਈ ਇਸ ਡਾਕਟਰ ਨੂੰ ਪਦ-ਉਨਤੀ ਲਈ ਵਿਚਾਰਨਾ ਨਹੀਂ ਬਣਦਾ। |

(3) **ਪ੍ਰੋਫੈਸਰ ਗਾਇਨੀ ਵਿਭਾਗ:**

ਕੁੱਲ 10 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 8 ਆਸਾਮੀਆਂ ਬਣਦੀਆਂ ਹਨ। ਇਹਨਾਂ 8 ਅਸਾਮੀਆਂ ਵਿਚੋਂ 4 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 4 ਆਸਾਮੀਆਂ ਖਾਲੀ ਹਨ। ਰੋਸਟਰ ਅਨੁਸਾਰ ਖਾਲੀ 4 ਅਸਾਮੀਆਂ ਅਣ-ਰਾਖਵੀਆਂ ਹਨ। ਕਮੇਟੀ ਵਲੋ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਮੌਜੂਦਾ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸ਼ਾਂ |
|---|---|---|
| 1 | ਡਾ. ਬਲਵਿੰਦਰ ਕੌਰ (ਐਸ.ਸੀ), ਐਸੋਸੀਏਟ ਪ੍ਰੋਫੈਸਰ, ਗਾਇਨੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ । | ਇਹ ਡਾਕਟਰ ਮਿਤੀ 31.03.2018 ਨੂੰ ਸੇਵਾ-ਮੁਕਤ ਹੋ ਚੁੱਕੀ ਹੈ। ਇਸ ਲਈ ਇਸ ਡਾਕਟਰ ਨੂੰ ਪਦ-ਉਨਤੀ ਲਈ ਵਿਚਾਰਨਾ ਨਹੀਂ ਬਣਦਾ। |
| 2 | ਡਾ. ਗੁਰਦੀਪ ਕੌਰ, ਐਸੋਸੀਏਟ ਪ੍ਰੋਫੈਸਰ, ਗਾਇਨੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ । | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋਂ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |
| 3 | ਡਾ. ਅਰਵਿੰਦਰ ਕੌਰ, ਐਸੋਸੀਏਟ ਪ੍ਰੋਫੈਸਰ, ਗਾਇਨੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ । | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋਂ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |
| 4 | ਡਾ. ਪ੍ਰੀਤ ਕਮਲ ਸੀਬੀਆ, ਐਸੋਸੀਏਟ ਪ੍ਰੋਫੈਸਰ, ਗਾਇਨੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ । | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋਂ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |
| 5 | ਡਾ. ਰੂਬੀ ਭਾਟੀਆ, ਐਸੋਸੀਏਟ ਪ੍ਰੋਫੈਸਰ, ਗਾਇਨੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ । | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋਂ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

### (4) ***ਪ੍ਰੋਫੈਸਰ ਪੈਥਾਲੋਜੀ ਵਿਭਾਗ*** :

ਕੁੱਲ 6 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 5 ਆਸਾਮੀਆਂ ਬਣਦੀਆਂ ਹਨ। ਇਹਨਾਂ 5 ਅਸਾਮੀਆਂ ਵਿਚੋਂ 4 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 1 ਆਸਾਮੀ ਖਾਲੀ ਹੈ। ਰੋਸਟਰ ਅਨੁਸਾਰ ਖਾਲੀ 1 ਅਸਾਮੀ ਅਣ-ਰਾਖਵੀ ਹੈ। ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਡਾਕਟਰ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਮੌਜੂਦਾ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸ਼ਾਂ |
|---|---|---|
| 1 | ਡਾ: ਹਰਪਾਲ ਸਿੰਘ (ਐਸ.ਸੀ), ਐਸੋਸੀਏਟ ਪ੍ਰੋਫੈਸਰ, ਪੈਥਾਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋਂ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਆਪਣੀ ਸੀਨੀਆਰਤਾ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

## (5) ਪ੍ਰੋਫੈਸਰ ਪੀਡਿਆਟ੍ਰਿਕਸ ਵਿਭਾਗ :

ਕੁੱਲ 6 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 5 ਆਸਾਮੀਆਂ ਬਣਦੀਆਂ ਹਨ। ਇਹਨਾਂ 5 ਅਸਾਮੀਆਂ ਵਿਚੋਂ 2 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 3 ਆਸਾਮੀਆਂ ਖਾਲੀ ਹਨ। ਰੋਸਟਰ ਅਨੁਸਾਰ 2 ਅਸਾਮੀਆਂ ਅਣ-ਰਾਖਵੀਂਆਂ ਅਤੇ 1 ਅਸਾਮੀ ਰਾਖਵੀਂ ਹੈ। ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਡਾਕਟਰ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਮੌਜੂਦਾ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1 | ਡਾ: ਮਨਮੀਤ ਕੌਰ ਸੋਢੀ, ਐਸੋਸੀਏਟ ਪ੍ਰੋਫੈਸਰ, ਪੀਡਿਆਟ੍ਰਿਕਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

ਪੈਨਲ ਵਿੱਚ ਮੌਜੂਦ ਬਾਕੀ 2 ਕੈਂਡੀਡੇਟ ਡਾ. ਅਸਵਨੀ ਕੁਮਾਰ ਅਤੇ ਡਾ. ਬਲਜਿੰਦਰ ਕੌਰ ਪਦ-ਉਨਤੀ ਲਈ ਲੋੜੀਂਦੇ ਤਜਰਬੇ ਦੀ ਸਰਤ ਪੂਰੀ ਨਹੀਂ ਕਰਦੇ। ਇਸ ਲਈ ਇਹਨਾਂ 2 ਡਾਕਟਰਾਂ ਨੂੰ ਪਦ-ਉਨਤੀ ਲਈ ਵਿਚਾਰਨਾ ਨਹੀਂ ਬਣਦਾ।

## (6) ਪ੍ਰੋਫੈਸਰ, ਆਰਥੋਪੈਡਿਕਸ ਵਿਭਾਗ:

ਕੁੱਲ 8 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 6 ਆਸਾਮੀਆਂ ਬਣਦੀਆਂ ਹਨ। ਇਹਨਾਂ 6 ਅਸਾਮੀਆਂ ਵਿਚੋਂ 5 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 1 ਆਸਾਮੀ ਖਾਲੀ ਹੈ। ਰੋਸਟਰ ਅਨੁਸਾਰ ਖਾਲੀ 1 ਅਸਾਮੀ ਅਣ-ਰਾਖਵੀਂ ਹੈ। ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1 | ਡਾ. ਜਸਪਾਲ ਸਿੰਘ (ਅ.ਜ), ਐਸੋਸੀਏਟ ਪ੍ਰੋਫੈਸਰ, ਆਰਥੋਪੈਡਿਕਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਆਪਣੀ ਸੀਨੀਆਰਤਾ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

## (7) ਪ੍ਰੋਫੈਸਰ ਰੇਡੀਓ-ਡਾਇਗਨੋਸਿਸ ਵਿਭਾਗ :

ਕੁੱਲ 6 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 5 ਆਸਾਮੀਆਂ ਬਣਦੀਆਂ ਹਨ। ਇਹਨਾਂ 5 ਅਸਾਮੀਆਂ ਵਿਚੋਂ 3 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 2 ਆਸਾਮੀਆਂ ਖਾਲੀ ਹੈ। ਰੋਸਟਰ ਅਨੁਸਾਰ ਖਾਲੀ 2 ਅਸਾਮੀਆਂ ਅਣ-ਰਾਖਵੀਂਆਂ ਹਨ। ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸ਼ਾਂ |
|---|---|---|
| 1 | ਡਾ: ਅਰਵਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ, ਰੇਡੀਓ-ਡਾਇਗਨੋਸਿਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |
| 2 | ਡਾ: ਗੁਰਿੰਦਰਬੀਰ ਸਿੰਘ, ਐਸੋਸੀਏਟ ਪ੍ਰੋਫੈਸਰ, ਰੇਡੀਓ-ਡਾਇਗਨੋਸਿਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦੇ ਤਜਰਬੇ ਦੀ ਸ਼ਰਤ ਤਾਂ ਪੂਰਾ ਕਰਦਾ ਹੈ ਪ੍ਰੰਤੂ ਪਦ-ਉਨਤੀ ਲਈ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰੀ ਨਹੀਂ ਕਰਦਾ। ਇਸ ਲਈ ਕਮੇਟੀ ਵਲੋਂ ਇਸ ਡਾਕਟਰ ਦੀ ਪਦ-ਉਨਤੀ ਦੀ ਸਿਫਾਰਸ ਨਹੀਂ ਕੀਤੀ ਜਾਂਦੀ। |
| 3 | ਡਾ: ਜਸਵਿੰਦਰ ਕੌਰ ਮੋਹੀ (ਐਸ.ਸੀ), ਐਸੋਸੀਏਟ ਪ੍ਰੋਫੈਸਰ, ਰੇਡੀਓ-ਡਾਇਗਨੋਸਿਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ। | ਇਹ ਡਾਕਟਰ ਪਦ-ਉਨਤੀ ਲਈ ਭਾਵੇਂ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰਾ ਕਰਦੀ ਹੈ ਅਤੇ ਵਿਭਾਗ ਵੱਲੋਂ ਸਾਲ 2015 ਵਿੱਚ ਜਾਰੀ ਸੀਨੀਆਰਤਾ ਸੂਚੀ ਵਿੱਚ ਡਾ.ਮਨੋਜ ਮਾਥੁਰ, ਐਸੋਸੀਏਟ ਪ੍ਰੋਫੈਸਰ, ਰੇਡੀਓ-ਡਾਇਗਨੋਸਿਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਸੀਨੀਅਰ ਸੀ। ਪ੍ਰੰਤੂ ਇਹ ਡਾਕਟਰ ਵਿਭਾਗ ਵੱਲੋਂ ਸਾਲ 2018 ਵਿੱਚ ਕੈਚ-ਅੱਪ ਰੂਲ ਲਗਾ ਕੇ ਤਿਆਰ ਕੀਤੀ ਗਈ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਡਾ. ਮਨੋਜ ਮਾਥੁਰ ਤੋਂ ਜੂਨੀਅਰ ਹੈ। ਇਸ ਲਈ ਕਮੇਟੀ ਵਲੋਂ ਇਸ ਡਾਕਟਰ ਦੀ ਪਦ-ਉਨਤੀ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ। |
| 4 | ਡਾ.ਮਨੋਜ ਮਾਥੁਰ, ਐਸੋਸੀਏਟ ਪ੍ਰੋਫੈਸਰ, ਰੇਡੀਓ-ਡਾਇਗਨੋਸਿਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸ਼ਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਤੋਂ ਵਿਭਾਗ ਵੱਲੋਂ ਸਾਲ 2018 ਵਿੱਚ ਕੈਚ-ਅੱਪ ਰੂਲ ਲਗਾ ਕੇ ਤਿਆਰ ਕੀਤੀ ਗਈ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਇਹ ਡਾਕਟਰ ਉਪਰ ਲੜੀ ਨੰ: 3 ਉੱਤੇ ਦਰਸਾਈ ਡਾ. ਜਸਵਿੰਦਰ ਕੌਰ ਮੋਹੀ ਤੋਂ ਸੀਨੀਅਰ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

ਪੈਨਲ ਵਿੱਚ ਮੌਜੂਦ ਬਾਕੀ 2 ਕੈਂਡੀਡੇਟਾਂ ਵਿਚੋਂ ਡਾ. ਵਰਿੰਦਰ ਕੁਮਾਰ ਰਾਮਪਾਲ ਮਿਤੀ 30.06.2018 ਨੂੰ ਸੇਵਾ ਮੁਕਤ ਹੋ ਚੁੱਕੇ ਹਨ ਅਤੇ ਡਾ. ਸਰਯੂ ਗੁਪਤ ਪਦ-ਉਨਤੀ ਲਈ ਲੋੜੀਂਦੇ ਤਜਰਬੇ ਦੀ ਸਰਤ ਪੂਰੀ ਨਹੀਂ ਕਰਦੇ। ਇਸ ਲਈ ਇਹਨਾਂ 2 ਡਾਕਟਰਾਂ ਨੂੰ ਪਦ-ਉਨਤੀ ਲਈ ਵਿਚਾਰਨਾ ਨਹੀਂ ਬਣਦਾ।

## (8) ਪ੍ਰੋਫੈਸਰ ਸਰਜਰੀ ਵਿਭਾਗ:

ਕੁੱਲ 12 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 9 ਆਸਾਮੀਆਂ ਬਣਦੀਆਂ ਹਨ। ਇਹਨਾਂ 9 ਅਸਾਮੀਆਂ ਵਿਚੋਂ 7 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 1 ਆਸਾਮੀ ਖਾਲੀ ਹੈ। ਇਸ ਤੋਂ ਇਲਾਵਾ 1 ਅਸਾਮੀ ਮਿਤੀ 30.11.2018 ਨੂੰ ਸੇਵਾ-ਮੁਕਤੀ ਕਾਰਨ ਖਾਲੀ ਹੋਵੇਗੀ। ਰੋਸਟਰ ਅਨੁਸਾਰ ਖਾਲੀ 2 ਅਸਾਮੀਆਂ ਅਣ-ਰਾਖਵੀਆਂ

ਹਨ ਅਤੇ ਮਿਤੀ 30.11.2018 ਨੂੰ ਖਾਲੀ ਹੋਣ ਵਾਲੀ ਅਸਾਮੀ ਵੀ ਅਣ-ਰਾਖਵੀਂ ਹੈ। ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1 | ਡਾ: ਕੁਲਦੀਪ ਸਿੰਘ (ਐਸ.ਸੀ), ਐਸੋਸੀਏਟ ਪ੍ਰੋਫੈਸਰ, ਸਰਜਰੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਆਪਣੀ ਸੀਨੀਆਰਤਾ ਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |
| 2 | ਡਾ: ਰਾਕੇਸ਼ ਸਰਮਾ, ਐਸੋਸੀਏਟ ਪ੍ਰੋਫੈਸਰ, ਸਰਜਰੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |
| 3 | ਡਾ: ਬਲਦੇਵ ਸਿੰਘ (ਐਸ.ਸੀ), ਐਸੋਸੀਏਟ ਪ੍ਰੋਫੈਸਰ, ਸਰਜਰੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਮਿਤੀ 30.11.2018 ਨੂੰ ਸੇਵਾ-ਮੁਕਤੀ ਕਾਰਨ ਖਾਲੀ ਹੋਣ ਵਾਲੀ ਅਣ-ਰਾਖਵੀਂ ਅਸਾਮੀ ਉੱਤੇ ਆਪਣੀ ਸੀਨੀਆਰਤਾ ਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਇਸ ਡਾਕਟਰ ਦੀ ਪਦ-ਉਨਤੀ ਸਬੰਧੀ ਵਿਭਾਗੀ ਤਰੱਕੀ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਡਾ. ਬਾਬੂ ਲਾਲ ਸੁੰਕਾਰੀਆ ਦੀ ਪਿਛਲੀ ਮਿਤੀ ਤੋਂ ਤਰੱਕੀ ਦਾ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਲਈ ਜੇਕਰ ਉਸ ਕੇਸ ਵਿੱਚ ਡਾ. ਬਾਬੂ ਲਾਲ ਸੁੰਕਾਰੀਆ ਨੂੰ ਪਿਛਲੀ ਮਿਤੀ ਤੋਂ ਤਰੱਕੀ ਦਿੱਤੀ ਜਾਵੇਗੀ ਤਾਂ ਡਾ.ਬਲਦੇਵ ਸਿੰਘ ਦੇ ਡਾ. ਬਾਬੂ ਲਾਲ ਸੁੰਕਾਰੀਆ ਤੋਂ ਜੂਨੀਅਰ ਹੋਣ ਦੀ ਸੂਰਤ ਵਿੱਚ ਇਹ ਪਦ-ਉਨਤੀ ਪ੍ਰਬੰਧਕੀ ਵਿਭਾਗ ਦੇ ਪੱਧਰ ਉੱਤੇ ਮੁੜ ਵਿਚਾਰੀ ਜਾਵੇਗੀ। |
| 4 | ਡਾ: ਬਾਬੂ ਲਾਲ ਸੁੰਕਾਰੀਆ (ਐਸ.ਸੀ), ਐਸੋਸੀਏਟ ਪ੍ਰੋਫੈਸਰ, ਸਰਜਰੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਅਨੁਸਾਰ ਇਹ ਡਾਕਟਰ ਪ੍ਰੋਫੈਸਰ ਦੀ ਤਰੱਕੀ ਲਈ ਯੋਗ ਹੈ। ਪ੍ਰੰਤੂ ਇਸ ਕੈਲੰਡਰ ਸਾਲ ਵਿੱਚ ਤਰੱਕੀ ਕੋਟੇ ਦੀ ਕੋਈ ਆਸਾਮੀ ਖਾਲੀ ਨਹੀਂ ਹੈ। ਇਸ ਤੋਂ ਇਲਾਵਾ ਵਿਭਾਗੀ ਤਰੱਕੀ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਡਾ. ਬਾਬੂ ਲਾਲ ਸੁੰਕਾਰੀਆ ਦੀ ਪਿਛਲੀ ਮਿਤੀ ਤੋਂ ਤਰੱਕੀ ਦਾ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਲਈ ਜੇਕਰ ਉਸ ਕੇਸ ਵਿੱਚ ਡਾ. ਬਾਬੂ ਲਾਲ ਸੁੰਕਾਰੀਆ ਨੂੰ ਪਿਛਲੀ ਮਿਤੀ ਤੋਂ |

| | | |
|---|---|---|
| | | ਤਰੱਕੀ ਦਿੱਤੀ ਜਾਵੇਗੀ ਅਤੇ ਜੇਕਰ ਉਹ ਡਾ.ਬਲਦੇਵ ਸਿੰਘ ਤੋਂ ਸੀਨੀਅਰ ਬਣਦੇ ਹਨ ਤਾਂ ਡਾ. ਬਾਬੂ ਲਾਲ ਸੁੰਕਾਰੀਆ ਦੀ ਪਦ-ਉਨਤੀ ਪ੍ਰਬੰਧਕੀ ਵਿਭਾਗ ਦੇ ਪੱਧਰ ਉੱਤੇ ਵਿਚਾਰੀ ਜਾਵੇਗੀ। |

*(9)* ***<u>ਪ੍ਰੋਫੈਸਰ ਮਾਈਕਰੋਬਾਇਓਲੋਜੀ ਵਿਭਾਗ</u> :***

ਕੁੱਲ 04 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 3 ਆਸਾਮੀਆਂ ਬਣਦੀਆਂ ਹਨ। ਇਹਨਾਂ 3 ਅਸਾਮੀਆਂ ਵਿਚੋਂ 1 ਅਸਾਮੀ ਭਰੀ ਹੋਈ ਹੈ ਅਤੇ 2 ਅਸਾਮੀਆਂ ਮਿਤੀ 31.03.2018 ਨੂੰ ਡਾ. ਬਿਮਲਾ ਦੇਵੀ ਦੀ ਸੇਵਾ-ਮੁਕਤੀ ਕਾਰਨ ਅਤੇ ਡਾ. ਗੀਤਾ ਆਹਲੂਵਾਲੀਆਂ ਦੀ ਮਿਤੀ 03.07.2018 ਨੂੰ ਪ੍ਰੀ-ਮਚਿਓਰ ਰਿਟਾਇਰਮੈਂਟ ਕਾਰਨ ਖਾਲੀ ਹਨ। ਇਸ ਤੋਂ ਇਲਾਵਾ 1 ਅਸਾਮੀ ਮਿਤੀ 30.11.2018 ਨੂੰ ਸੇਵਾ-ਮੁਕਤੀ ਕਾਰਨ ਖਾਲੀ ਹੋਵੇਗੀ। ਰੋਸਟਰ ਅਨੁਸਾਰ ਖਾਲੀ 2 ਅਸਾਮੀਆਂ ਅਣ-ਰਾਖਵੀਆਂ ਹਨ ਅਤੇ ਮਿਤੀ 30.11.2018 ਨੂੰ ਖਾਲੀ ਹੋਣ ਵਾਲੀ ਅਸਾਮੀ ਵੀ ਅਣ-ਰਾਖਵੀਂ ਹੈ। ਕਮੇਟੀ ਵਲੋ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| *ਲੜੀ ਨੰ:* | *ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ* | *ਕਮੇਟੀ ਦੀ ਸਿਫਾਰਸਾਂ* |
|---|---|---|
| *1* | ਡਾ. ਰੇਨੂ ਬਾਂਸਲ, ਐਸੋਸੀਏਟ ਪ੍ਰੋਫੈਸਰ, ਮਾਇਕਰੋਬਾਇਓਲੋਜੀ ਵਿਭਾਗ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ (ਕਾਡਰ ਪੀ.ਐਮ.ਈ.ਐਸ)। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੋਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |
| *2* | ਡਾ. ਕੰਵਰਦੀਪ ਸਿੰਘ, ਐਸੋਸੀਏਟ ਪ੍ਰੋਫੈਸਰ, ਮਾਇਕਰੋਬਾਇਓਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੋਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

*(10)* ***<u>ਪ੍ਰੋਫੈਸਰ ਫਿਜੀਓਲੋਜੀ ਵਿਭਾਗ</u> :***

ਕੁੱਲ 4 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 3 ਆਸਾਮੀਆਂ ਬਣਦੀਆਂ ਹਨ। ਇਹਨਾਂ 3 ਅਸਾਮੀਆਂ ਵਿਚੋਂ 2 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 1 ਆਸਾਮੀ ਖਾਲੀ ਹੈ। ਰੋਸਟਰ ਅਨੁਸਾਰ ਖਾਲੀ 1 ਅਸਾਮੀ ਅ.ਜ. ਕੋਟੇ ਦੇ ਬੈਕਲਾਗ ਕਾਰਨ ਰਾਖਵੀਂ ਹੈ। ਕਮੇਟੀ ਵਲੋ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1 | ਡਾ: ਸਰਬਜੀਤ ਸਿੰਘ (ਐਸ.ਸੀ), ਐਸੋਸੀਏਟ ਪ੍ਰੋਫੈਸਰ ਫਿਜੀਓਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰਕੀ ਰਾਖਵੀਂ ਅਸਾਮੀ ਉੱਤੇ ਆਪਣੀ ਸੀਨੀਆਰਤਾ ਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਬੈਕਲਾਗ ਕੈਰੀਫਾਰਵਰਡ ਕੀਤਾ ਜਾਂਦਾ ਹੈ। |

ਪੈਨਲ ਵਿੱਚ ਮੌਜੂਦ ਬਾਕੀ 2 ਕੈਂਡੀਡੇਟ ਡਾ. ਸਵਰਨਜੀਤ ਸਿੰਘ (ਐਸ.ਸੀ) ਅਤੇ ਡਾ. ਨਰਿੰਦਰ ਕੌਰ ਪਦ-ਉਨਤੀ ਲਈ ਲੋੜੀਂਦੇ ਤਜਰਬੇ ਅਤੇ ਪਬਲੀਕੇਸ਼ਨਾਂ ਦਾ ਸ਼ਰਤ ਪੂਰੀ ਕਰਦੇ ਹਨ। ਪ੍ਰੰਤੂ ਮਿਤੀ 31.12.2018 ਤੱਕ ਤਰੱਕੀ ਕੋਟੇ ਦੀ ਕੋਈ ਹੋਰ ਅਸਾਮੀ ਖਾਲੀ ਨਾ ਹੋਣ ਕਾਰਨ ਇਹਨਾਂ ਦੋਵੇਂ ਡਾਕਟਰਾਂ ਨੂੰ ਪਦ-ਉਨਤੀ ਲਈ ਨਹੀਂ ਵਿਚਾਰਿਆ ਗਿਆ।

### *(11) <u>ਪ੍ਰੋਫੈਸਰ ਸਕਿੰਨ ਤੇ ਵੀ.ਡੀ. ਵਿਭਾਗ</u> :*

ਕੁੱਲ 4 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 3 ਆਸਾਮੀਆਂ ਬਣਦੀਆਂ ਹਨ। ਇਹਨਾਂ 3 ਅਸਾਮੀਆਂ ਵਿਚੋਂ 2 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 1 ਆਸਾਮੀ ਖਾਲੀ ਹੈ। ਇਸ ਤੋਂ ਇਲਾਵਾ ਤਰੱਕੀ ਕੋਟੇ ਦੀ 1 ਅਸਾਮੀ ਮਿਤੀ 30.11.2018 ਨੂੰ ਜਨਰਲ ਵਰਗ ਦੇ ਪ੍ਰੋਫੈਸਰ ਦੀ ਸੇਵਾ-ਮੁਕਤੀ ਕਾਰਨ ਖਾਲੀ ਹੋਵੇਗੀ। ਰੋਸਟਰ ਅਨੁਸਾਰ ਖਾਲੀ 1 ਅਸਾਮੀ ਅ.ਜ. ਕੋਟੇ ਦੇ ਬੈਕਲਾਗ ਕਾਰਨ ਰਾਖਵੀਂ ਹੈ ਅਤੇ ਮਿਤੀ 30.11.2018 ਨੂੰ ਸੇਵਾ-ਮੁਕਤੀ ਕਾਰਨ ਖਾਲੀ ਹੋਣ ਵਾਲੀ ਅਸਾਮੀ ਅਣ-ਰਾਖਵੀਂ ਹੈ। ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1. | ਡਾ: ਤੇਜਿੰਦਰ ਕੌਰ (ਐਸ.ਸੀ), ਐਸੋਸੀਏਟ ਪ੍ਰੋਫੈਸਰ, ਸਕਿੰਨ ਤੇ ਵੀ.ਡੀ. ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਰਾਖਵੇਂ ਵਰਗ ਦੇ ਬੈਕਲਾਗ ਦੀ ਖਾਲੀ ਪਈ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 2. | ਡਾ: ਡਿੰਪਲ ਚੋਪੜਾ,ਐਸੋਸੀਏਟ ਪ੍ਰੋਫੈਸਰ, ਸਕਿੰਨ ਤੇ ਵੀ.ਡੀ. ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦੀ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਮਿਤੀ 30.11.2018 ਨੂੰ ਸੇਵਾ-ਮੁਕਤੀ ਕਾਰਨ ਖਾਲੀ ਹੋ ਰਹੀ ਤਰੱਕੀ ਕੋਟੇ ਦੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

(12) ਪ੍ਰੋਫੈਸਰ ਫਰਾਂਸਿਕ ਮੈਡੀਸਨ ਵਿਭਾਗ :

ਕੁੱਲ 02 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਰੋਟੇਸ਼ਨ-ਵਾਈਜ ਤਰੱਕੀ ਕੋਟੇ ਦੀਆਂ 02 ਆਸਾਮੀਆਂ ਬਣਦੀਆਂ ਹਨ । ਇਹਨਾਂ 02 ਅਸਾਮੀਆਂ ਵਿਚੋਂ 1 ਅਸਾਮੀ ਭਰੀ ਹੋਈ ਹੈ ਅਤੇ 1 ਆਸਾਮੀ ਖਾਲੀ ਹੈ। ਰੋਸਟਰ ਅਨੁਸਾਰ ਖਾਲੀ 1 ਅਸਾਮੀ ਰਾਖਵੇਂ ਕੋਟੇ ਦੇ ਬੈਕਲਾਗ ਕਾਰਨ ਰਾਖਵੀਂ ਹੈ। ਕਮੇਟੀ ਵਲੋ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1. | ਡਾ: ਅਸ਼ੋਕ ਕੁਮਾਰ, ਐਸੋਸੀਏਟ ਪ੍ਰੋਫੈਸਰ, ਫਰਾਂਸਿਕ ਮੈਡੀਸਨ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ । | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਪ੍ਰੰਤੂ ਤਰੱਕੀ ਕੋਟੇ ਦੀ ਖਾਲੀ ਪਈ ਅਸਾਮੀ ਰਾਖਵੇਂ ਵਰਗ ਦੇ ਬੈਕਲਾਗ ਹੋਣ ਕਾਰਨ ਰਾਖਵੀਂ ਹੈ । ਰਾਖਵੇਂ ਵਰਗ ਦਾ ਕੋਈ ਵੀ ਕੈਂਡੀਡੇਟ ਉਪਲਬਧ ਨਹੀਂ ਹੈ। ਇਸ ਲਈ ਕਮੇਟੀ ਵੱਲੋਂ ਇਸ ਆਸਾਮੀ ਨੂੰ ਡੀ-ਰਿਜਰਵ ਕਰਾਉਣ ਦਾ ਫੈਸਲਾ ਲਿਆ ਗਿਆ ਹੈ ਅਤੇ ਭਲਾਈ ਵਿਭਾਗ ਤੋਂ ਡੀ-ਰਿਜਰਵ ਕਰਵਾਉਣ ਦੀ ਸ਼ਰਤ ਉੱਤੇ ਡਾ. ਅਸ਼ੋਕ ਕੁਮਾਰ ਦੀ ਪਦ-ਉਨਤੀ ਦੀ ਸਿਫਾਰਸ ਕੀਤੀ ਜਾਂਦੀ ਹੈ ਇਹ ਪਦ-ਉਨਤੀ ਭਲਾਈ ਵਿਭਾਗ ਵੱਲੋਂ ਅ.ਜ ਸ੍ਰੇਣੀ ਲਈ ਰਾਖਵੀਂ ਆਸਾਮੀ ਦੇ ਡੀ-ਰਿਜਰਵ ਕਰਨ ਉਪਰੰਤ ਹੀ ਕੀਤੀ ਜਾਵੇਗੀ। |

(13) ਪ੍ਰੋਫੈਸਰ ਐਸ.ਪੀ.ਐਮ ਵਿਭਾਗ :

ਕੁੱਲ 6 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 5 ਆਸਾਮੀਆਂ ਬਣਦੀਆਂ ਹਨ। ਇਹਨਾਂ 5 ਅਸਾਮੀਆਂ ਵਿਚੋਂ 2 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 3 ਅਸਾਮੀਆਂ ਖਾਲੀ ਹਨ। ਰੋਸਟਰ ਅਨੁਸਾਰ ਖਾਲੀ 3 ਅਸਾਮੀਆਂ ਅਣ-ਰਾਖਵੀਆਂ ਹਨ। ਕਮੇਟੀ ਵਲੋ ਹੇਠ ਲਿਖੇ ਅਨੁਸਾਰ ਡਾਕਟਰ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1. | ਡਾ. ਸੰਜੀਵ ਮਹਾਜਨ, ਐਸੋਸੀਏਟ ਪ੍ਰੋਫੈਸਰ, ਐਸ.ਪੀ.ਐਮ. ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਇਸ ਲਈ ਕਮੇਟੀ ਵਲੋ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । |

121

## (14) ਪ੍ਰੋਫੈਸਰ ਟੀ.ਬੀ ਅਤੇ ਚੈਸਟ ਵਿਭਾਗ :

ਕੁੱਲ 4 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 03 ਆਸਾਮੀਆਂ ਬਣਦੀਆਂ ਹਨ। ਇਹਨਾਂ 03 ਅਸਾਮੀਆਂ ਵਿਚੋਂ 2 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 1 ਅਸਾਮੀ ਖਾਲੀ ਹੈ। ਰੋਸਟਰ ਰਜਿਸਟਰ ਅਨੁਸਾਰ ਖਾਲੀ 01 ਆਸਾਮੀ ਰਾਖਵੇਂ ਕੋਟੇ ਦਾ ਬੈਕਲਾਗ ਹੋਣ ਕਾਰਨ ਰਾਖਵੀਂ ਬਣਦੀ ਹੈ। ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1. | ਡਾ: ਨਵੀਨ ਪਾਂਧੀ, ਐਸੋਸੀਏਟ ਪ੍ਰੋਫੈਸਰ, ਟੀ.ਬੀ. ਅਤੇ ਚੈਸਟ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ ਕਰਦਾ ਹੈ। ਪ੍ਰੰਤੂ ਤਰੱਕੀ ਕੋਟੇ ਦੀ ਖਾਲੀ ਪਈ ਅਸਾਮੀ ਰਾਖਵੇਂ ਵਰਗ ਦੇ ਬੈਕਲਾਗ ਹੋਣ ਕਾਰਨ ਰਾਖਵੀਂ ਹੈ। ਰਾਖਵੇਂ ਵਰਗ ਦਾ ਕੈਂਡੀਡੇਟ ਡਾ. ਸੁਰਿੰਦਰਪਾਲ ਮਿਤੀ 25.05.2020 ਨੂੰ ਪਦ-ਉਨਤੀ ਲਈ ਲੋੜੀਂਦੇ ਤਜਰਬੇ ਦੀ ਸ਼ਰਤ ਪੂਰੀ ਕਰੇਗਾ। ਇਸ ਲਈ ਕਮੇਟੀ ਵੱਲੋਂ ਇਸ ਆਸਾਮੀ ਨੂੰ ਡੀ-ਰਿਜਰਵ ਕਰਾਉਣ ਦਾ ਫੈਸਲਾ ਲਿਆ ਗਿਆ ਹੈ ਅਤੇ ਭਲਾਈ ਵਿਭਾਗ ਤੋਂ ਡੀ-ਰਿਜਰਵ ਕਰਵਾਉਣ ਦੀ ਸ਼ਰਤ ਉੱਤੇ ਡਾ. ਨਵੀਨ ਪਾਂਧੀ ਦੀ ਪਦ-ਉਨਤੀ ਦੀ ਸਿਫਾਰਸ ਕੀਤੀ ਜਾਂਦੀ ਹੈ। ਇਹ ਪਦ-ਉਨਤੀ ਭਲਾਈ ਵਿਭਾਗ ਵੱਲੋਂ ਅ.ਜ ਸ੍ਰੇਣੀ ਲਈ ਰਾਖਵੀਂ ਆਸਾਮੀ ਦੇ ਡੀ-ਰਿਜਰਵ ਕਰਨ ਉਪਰੰਤ ਹੀ ਕੀਤੀ ਜਾਵੇਗੀ। |

ਪੈਨਲ ਵਿੱਚ ਮੌਜੂਦ ਬਾਕੀ 1 ਕੈਂਡੀਡੇਟ ਡਾ. ਸੁਰਿੰਦਰਪਾਲ ਸਿੰਘ (ਐਸ.ਸੀ) ਪਦ-ਉਨਤੀ ਲਈ ਲੋੜੀਂਦੇ ਤਜਰਬੇ ਦੀ ਸ਼ਰਤ ਪੂਰੀ ਨਹੀਂ ਕਰਦਾ। ਇਸ ਲਈ ਇਸ ਡਾਕਟਰ ਨੂੰ ਪਦ-ਉਨਤੀ ਲਈ ਵਿਚਾਰਨਾ ਨਹੀਂ ਬਣਦਾ।

## (15) ਪ੍ਰੋਫੈਸਰ ਸਾਇਕੈਟਰੀ ਵਿਭਾਗ :

ਕੁੱਲ 4 ਆਸਾਮੀਆਂ ਦਾ ਕਾਡਰ ਹੈ, ਜਿਨ੍ਹਾਂ ਵਿਚੋਂ ਤਰੱਕੀ ਕੋਟੇ ਦੀਆਂ 03 ਆਸਾਮੀਆਂ ਬਣਦੀਆਂ ਹਨ। ਇਹਨਾਂ 03 ਅਸਾਮੀਆਂ ਵਿਚੋਂ 1 ਅਸਾਮੀ ਭਰੀ ਹੋਈ ਹੈ ਅਤੇ 2 ਅਸਾਮੀਆਂ ਖਾਲੀ ਹਨ। ਰੋਸਟਰ ਰਜਿਸਟਰ ਅਨੁਸਾਰ ਖਾਲੀ 1 ਅਸਾਮੀ ਅਣ-ਰਾਖਵੀਂ ਅਤੇ 1 ਅਸਾਮੀ ਰਾਖਵੀਂ ਹੈ। ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਡਾਕਟਰਾਂ ਦੀ ਤਰੱਕੀ ਦੀ ਸਿਫਾਰਸ਼ ਕੀਤੀ ਜਾਂਦੀ ਹੈ :-

| ਲੜੀ ਨੰ: | ਡਾ. ਦਾ ਨਾਮ, ਅਹੁੱਦਾ ਅਤੇ ਪੋਸਟਿੰਗ ਦਾ ਵੇਰਵਾ | ਕਮੇਟੀ ਦੀ ਸਿਫਾਰਸਾਂ |
|---|---|---|
| 1. | ਡਾ. ਰਜਨੀਸ਼, ਐਸੋਸੀਏਟ ਪ੍ਰੋਫੈਸਰ, ਸਾਇਕੈਟਰੀ ਵਿਭਾਗ, ਸਰਕਾਰੀ | ਇਹ ਡਾਕਟਰ ਪਦ-ਉਨਤੀ ਲਈ ਲੋੜੀਂਦਾ ਤਜਰਬਾ ਅਤੇ ਲੋੜੀਂਦੀਆਂ 4 ਪਬਲੀਕੇਸਨਾਂ ਦੀ ਸ਼ਰਤ ਪੂਰਾ |

| | | |
|---|---|---|
| | ਮੈਡੀਕਲ ਕਾਲਜ, ਪਟਿਆਲਾ। | ਕਰਦਾ ਹੈ। ਇਸ ਲਈ ਕਮੇਟੀ ਵਲੋਂ ਡਾਕਟਰ ਦੀ ਬਤੌਰ ਪ੍ਰੋਫੈਸਰ ਤਰੱਕੀ ਅਣ-ਰਾਖਵੀਂ ਅਸਾਮੀ ਉੱਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਰਾਖਵਾਂ ਨੁਕਤਾ ਕੈਰੀ-ਫਾਰਵਡ ਕੀਤਾ ਜਾਂਦਾ ਹੈ। |

ਮੀਟਿੰਗ ਚੇਅਰਮੈਨ ਜੀ ਨੂੰ ਧੰਨਵਾਦ ਦਿੰਦੇ ਹੋਏ ਖਤਮ ਹੋਈ।

(ਡਾ. ਅਵਨੀਸ਼ ਕੁਮਾਰ)
ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ ਪੰਜਾਬ

(ਸ੍ਰੀਮਤੀ ਕਿਰਨਜੀਤ ਕੌਰ)
ਅਧੀਨ ਸਕੱਤਰ, ਪ੍ਰਸੋਨਲ ਵਿਭਾਗ
(ਪ੍ਰਸੋਨਲ ਵਿਭਾਗ ਦਾ ਨੁਮਾਇੰਦਾ)

(ਸ੍ਰੀਮਤੀ ਤ੍ਰਿਸ਼ਲਾ ਦੇਵੀ)
ਸੁਪਰਡੰਟ, ਸਮਾਜਿਕ ਸੁੱਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ
(ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਭਾਗ ਦਾ ਨੁਮਾਇੰਦਾ)

(ਸ੍ਰੀ ਰਾਜ ਬਹਾਦਰ ਸਿੰਘ)
ਸੰਯੁਕਤ ਸਕੱਤਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਰਗ ਵਿਭਾਗ (ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਰਗ ਵਿਭਾਗ ਦੇ ਨੁਮਾਇੰਦੇ ਵਜੋਂ)

(ਸਤੀਸ਼ ਚੰਦਰਾ, ਆਈ.ਏ.ਐਸ)
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਮੈਡੀਕਲ ਸਿਖਿਆ ਤੇ ਖੋਜ ਵਿਭਾਗ

ਨੋਟ: [illegible]

ਕਿਰਨਜੀਤ ਕੌਰ
ਅਧੀਨ ਸਕੱਤਰ, ਪ੍ਰਸੋਨਲ ਵਿਭਾਗ
(ਪ੍ਰਸੋਨਲ ਵਿਭਾਗ ਦਾ ਨੁਮਾਇੰਦਾ)